Punjab Government Gazette

EXTRAORDINARY

Published by Authority

CHANDIGARH, WEDNESDAY, OCTOBER 15, 2025 (ASVINA 23, 1947 SAKA)

ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
ਸਥਾਨਕ ਸਰਕਾਰ-4 ਸ਼ਾਖਾ
ਅਧਿਸੂਚਨਾ
ਮਿਤੀ 14 ਅਕਤੂਬਰ, 2025

ਨੰ.:10/06/2025-3ਸਸ4/1129.- ਨਗਰ ਪੰਚਾਇਤ ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਵੱਲੋਂ ਹਾਊਸ ਦੀ ਮੀਟਿੰਗ ਵਿੱਚ ਪਾਸ ਕੀਤੇ ਗਏ ਮਤਾ ਨੰ.11 ਮਿਤੀ 07.03.2024 ਰਾਹੀਂ ਨਗਰ ਪੰਚਾਇਤ, ਅਜਨਾਲਾ ਦੀਆਂ ਮੌਜੂਦਾ ਹੱਦਾ ਵਿੱਚ ਹੋਰ ਵਾਧਾ ਕਰਨ ਦੇ ਕੀਤੇ ਫੈਸਲੇ ਦੀ ਲਗਾਤਾਰਤਾ ਵਿੱਚ ਨਗਰ ਪੰਚਾਇਤ, ਅਜਨਾਲਾ ਵੱਲੋਂ ਮਤਾ ਨੰ.59 ਮਿਤੀ 22.08.2025 ਰਾਹੀਂ ਪੁਰਾਣੇ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਹੈ ਅਤੇ ਨਗਰ ਪੰਚਾਇਤ, ਅਜਨਾਲਾ ਦੇ ਖੇਤਰ ਵਿੱਚ ਆਬਾਦੀ ਦੇ ਸੰਘਣਾਪਣ ਪ੍ਰਸ਼ਾਸਨ ਦੁਆਰਾ ਪ੍ਰਾਪਤ ਕੀਤੇ ਜਾਂਦੇ ਰੈਵੀਨਿਊ, ਗੈਰ ਖੇਤੀਬਾੜੀ ਖੇਤਰ ਵਿੱਚ ਰੋਜ਼ਗਾਰ ਦੀ ਪ੍ਰਤੀਸ਼ਤਤਾ, ਆਰਥਿਕ ਮਹੱਤਤਾ ਆਦਿ ਫੈਕਟਰਾਂ ਨੂੰ ਮੁੱਖ ਰੱਖਦੇ ਹੋਏ ਅਤੇ ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਅਜਨਾਲਾ ਵੱਲੋਂ ਆਪਣੇ ਪੱਤਰ ਨੰ.:1317 ਮਿਤੀ 09-10-2025 ਰਾਹੀਂ ਦਰਸਾਈ ਸੋਧੀ ਸ਼ਡਿਊਲ ਆਫ ਬਾਊਂਡਰੀ ਨੂੰ ਮੁੱਖ ਰੱਖਦੇ ਹੋਏ, ਅਜਨਾਲਾ ਇਲਾਕੇ ਦਾ ਯੋਜਨਾਬੱਧ ਤਰੀਕੇ ਨਾਲ ਵਿਕਾਸ ਯਕੀਨੀ ਬਣਾਉਣ ਲਈ ਪੰਜਾਬ ਮਿਉਂਸਪਲ ਐਕਟ, 1911 ਦੀ ਧਾਰਾ 4 ਅਤੇ 5 ਅਧੀਨ ਨਗਰ ਪੰਚਾਇਤ, ਅਜਨਾਲਾ ਦੀਆਂ ਹੱਦਾਂ ਵਿੱਚ ਵਾਧਾ ਕਰਨ ਦੀ ਤਜਵੀਜ਼ ਹੈ।

2. ਜੇਕਰ ਕਿਸੇ ਵਸਨੀਕ ਨੂੰ ਇਸ ਬਾਰੇ ਇਤਰਾਜ ਹੋਣ ਜਾਂ ਆਪਣੇ ਇਤਰਾਜ ਲਿਖਤੀ ਰੂਪ ਵਿੱਚ ਵਧੀਕ ਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਮਿਉਂਸਪਲ ਭਵਨ, ਸੈਕਟਰ 35-ਏ, ਚੰਡੀਗੜ੍ਹ (secy.lg@punjab.gov.in) ਜਾਂ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਜਿਲ੍ਹਾ ਅੰਮ੍ਰਿਤਸਰ ਜਾਂ ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਅਜਨਾਲਾ ਨੂੰ ਇਸ ਮੁੱਢਲੀ ਅਧਿਸੂਚਨਾ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਭੇਜ ਸਕਦਾ ਹੈ। ਜੇਕਰ ਇਸ ਸਮੇਂ ਵਿੱਚ ਕੋਈ ਇਤਰਾਜ ਜਾਂ ਸੁਝਾਅ ਪ੍ਰਾਪਤ ਨਹੀਂ ਹੋਇਆਂ ਤਾ ਇਹ ਸਮਝ ਲਿਆ ਜਾਵੇਗਾ ਕਿ ਕਿਸੇ ਨੂੰ ਇਸ ਤੇ ਕੋਈ ਇਤਰਾਜ ਨਹੀਂ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਨਗਰ ਪੰਚਾਇਤ, ਅਜਨਾਲਾ ਵਿੱਚ ਪਿੰਡ ਭੱਖਾ ਹਰੀ ਸਿੰਘ, ਹੱਦਬਸਤ ਨੰਬਰ 227, ਚੱਕ ਤਸ਼ਖੀਸ ਉਤਾੜ, ਤਹਿਸੀਲ- ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਨੂੰ ਸ਼ਾਮਿਲ ਕਰਨ ਦੀ ਸ਼ਡਿਊਲ ਆਫ ਬਾਊਂਡਰੀ

ਨੋਟੀਫਿਕੇਸ਼ਨ ਨੰਬਰ 10/14/95-5ਸਸ3/1717 ਮਿਤੀ 15/02/1996 ਰਾਹੀ ਨਗਰ ਪੰਚਾਇਤ ਅਜਨਾਲਾ ਦੀ ਹੱਦ ਵਿੱਚ ਵਾਧਾ ਕਰਦੇ ਹੋਏ ਪਿੰਡ ਭੱਖਾ ਤਾਰਾ ਸਿੰਘ ਨੂੰ ਨਗਰ ਪੰਚਾਇਤ ਅਜਨਾਲਾ ਦੀ ਹਦੂਦ ਵਿੱਚ ਸਾਮਿਲ ਕੀਤਾ ਗਿਆ ਸੀ।

ਹੁਣ ਪਿੰਡ ਭੱਖਾ ਹਰੀ ਸਿੰਘ ਦੇ ਖਸਰਾ ਨੰ. 29 (ਵੱਡਾ ਨੰਬਰ) ਬਿੰਦੂ **A** ਜੋ ਕਿ ਉੱਤਰ-ਪੱਛਮੀ ਹੱਦ ਦੇ ਮਿਲਣ ਦੇ ਸਥਾਨ ਜਿੱਥੇ ਪਿੰਡ ਕੋਟਲੀ ਸੈਦਾਂ, ਪਿੰਡ ਭੱਖਾ ਤਾਰਾ ਸਿੰਘ ਅਤੇ ਭੱਖਾ ਹਰੀ ਸਿੰਘ ਦਾ ਸਿਹੱਦਾ ਬਣਦਾ ਹੈ, ਤੋਂ ਨਗਰ ਪੰਚਾਇਤ, ਅਜਨਾਲਾ ਅਤੇ ਪਿੰਡ ਭੱਖਾ ਹਰੀ ਸਿੰਘ ਦੀ ਸਾਂਝੀ ਹੱਦ ਦੇ ਨਾਲ-ਨਾਲ ਚਲਦੇ ਹੋਏ ਪਿੰਡ ਭੱਖਾ ਹਰੀ ਸਿੰਘ ਦਾ ਖਸਰਾ ਨੰ. **10**//15 ਦਾ ਦੱਖਣ-ਪੂਰਬੀ ਕੋਨਾ ਸਿਹੱਦਾ ਪਿੰਡ ਭੱਖਾ ਤਾਰਾ ਸਿੰਘ, ਪਿੰਡ ਭੱਖਾ ਹਰੀ ਸਿੰਘ ਅਤੇ ਪਿੰਡ ਪੰਜਗਰਾਈ ਨਿੱਜਰਾਂ ਬਿੰਦੂ **B**ਤੱਕ। ਬਿੰਦੂ **B**ਤੋਂ ਪੱਛਮ ਵੱਲ ਨੂੰ ਚਲਦੇ ਹੋਏ ਇਸ ਸਿਹੱਦੇ ਤੋਂ ਪਿੰਡ ਭੱਖਾ ਹਰੀ ਸਿੰਘ ਅਤੇ ਪਿੰਡ ਪੰਜਗਰਾਈ ਨਿੱਜਰਾਂ ਦੀ ਰੈਵੀਨਿਊ/ਸਾਂਝੀ ਹੱਦ ਨਾਲ ਅੱਗੇ ਚਲਦੇ ਹੋਏ ਖਸਰਾ ਨੰ. **10**//14, 13, 12, 11 ਅਤੇ **11**//16 ਦੇ ਨਾਲ ਨਾਲ ਚਲਦੇ ਹੋਏ ਅੰਮ੍ਰਿਤਸਰ-ਡੇਰਾ ਬਾਬਾ ਨਾਨਕ ਸੜਕ ਬਿੰਦੂ **C** ਤੱਕ। ਇਸ ਬਿੰਦੂ **C** ਤੋਂ ਅੰਮ੍ਰਿਤਸਰ-ਡੇਰਾ ਬਾਬਾ ਨਾਨਕ ਸੜਕ ਨੂੰ ਪਾਰ ਕਰਦੇ ਅਤੇ ਖਸਰਾ ਨੰ. **11**//18 ਦੇ ਛੋਟੇ ਹਿੱਸੇ ਤੋਂ ਰਜਵਾਹੇ (ਰਜਬਾਹ ਅਜਨਾਲਾ) ਨੂੰ ਪਾਰ ਕਰਦੇ ਹੋਏ ਅਤੇ **11**//18, 19 ਤੋਂ ਹੋਏ ਸਿਹੱਦਾ ਪਿੰਡ ਪੰਜਗਰਾਈ ਨਿੱਜਰਾਂ, ਕੋਟਲੀ ਸੈਦਾਂ ਅਤੇ ਭੱਖਾ ਹਰੀ ਸਿੰਘ ਤੱਕ ਅਰਥਾਤ ਭੱਖਾ ਹਰੀ ਸਿੰਘ ਦਾ ਖਸਰਾ ਨੰ. **11**//19 ਦੇ ਦੱਖਣ-ਪੱਛਮੀ ਕੋਨੇ ਬਿੰਦੂ **D** ਤੱਕ। ਇਸ ਬਿੰਦੂ **D** ਸਿਹੱਦੇ ਤੋਂ ਉੱਤਰ ਦਿਸ਼ਾ ਵੱਲੋਂ ਚੱਲਦੇ ਹੋਏ ਪਿੰਡ ਭੱਖਾ ਹਰੀ ਸਿੰਘ ਦੇ ਖਸਰਾ ਨੰ. **11**//11, 10, **12**//16, **5**//25, 17 ਦੇ ਨਾਲ ਨਾਲ ਚਲਦੇ ਹੋਏ ਖਸਰਾ ਨੰ. 37 (ਵੱਡਾ ਨੰਬਰ), 51(ਵੱਡਾ ਨੰਬਰ), 38(ਵੱਡਾ ਨੰਬਰ), 62(ਵੱਡਾ ਨੰਬਰ) ਅਤੇ 29(ਵੱਡਾ ਨੰਬਰ) ਨਾਲ ਚਲਦੇ ਹੋਏ ਕੋਟਲੀ ਸੈਦਾਂ ਅਤੇ ਪਿੰਡ ਭੱਖਾ ਤਾਰਾ ਸਿੰਘ ਤੇ ਭੱਖਾ ਹਰੀ ਸਿੰਘ ਦੇ ਸਿਹੱਦੇ ਅਰਥਾਤ ਖਸਰਾ ਨੰ. 29(ਵੱਡਾ ਨੰਬਰ) ਤੱਕ, ਅਰਥਾਤ ਪੂਰੇ ਪਿੰਡ ਭੱਖਾ ਹਰੀ ਸਿੰਘ ਨੂੰ ਸ਼ਾਮਿਲ ਕਰਦੇ ਹੋਏ ਬਿੰਦੂ **A** ਤੱਕ।

3. ਇਸ ਦਾ ਤਜਵੀਜਤ ਨਕਸ਼ਾ ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਅਜਨਾਲਾ ਦੇ ਦਫਤਰ ਵਿਖੇ ਵੇਖਿਆ ਜਾ ਸਕਦਾ ਹੈ।

4. ਇਹ ਮੁੱਢਲੀ ਅਧਿਸੂਚਨਾ ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

ਸਹੀ/-
ਤੇਜਵੀਰ ਸਿੰਘ, ਆਈ.ਏ.ਐਸ.
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ

ਚੰਡੀਗੜ੍ਹ
ਮਿਤੀ 14 ਅਕਤੂਬਰ, 2025

3528/10-2025/Pb. Govt. Press, S.A.S. Nagar